# ਉਨ ਸਮਸਰਿ ਅਵਰ ਨ ਦਾਤੇ

ਗਉੜੀ ਮਹਲਾ ੫ ॥

ਹਉ ਤਾ ਕੈ ਬਲਿਹਾਰੀ ॥

ਜਾ ਕੈ ਕੇਵਲ ਨਾਮੁ ਅਧਾਰੀ ॥੧॥ ਰਹਾਉ ॥

ਇਹ ਸ਼ਬਦ ਪੰਚਮ ਪਾਤਸ਼ਾਹ ਦਾ, ਰਾਗ ਗਉੜੀ ਵਿਚ ਉਚਾਰਣ ਕੀਤਾ ਹੋਇਆ ਹੈ, ਜੋ, ਪੰਨਾ ੨੦੭ ਤੇ ਅੰਕਤ ਹੈ।

**ਅਰਥ** : ਪਾਤਸ਼ਾਹ ਫ਼ੁਰਮਾਣ ਕਰਦੇ ਹਨ ਕਿ ਮੈਂ ਉਨ੍ਹਾਂ ਜਨਾਂ ਤੋਂ ਬਲਿਹਾਰ ਜਾਂਦਾ ਹਾਂ ਜਿਨ੍ਹਾਂ ਦਾ ਅਧਾਰ ਸਿਰਫ਼ ਪ੍ਰਮੇਸ਼ਵਰ ਦਾ ਨਾਮ ਹੈ ।੧।ਰਹਾਉ।

ਨਾਮ ਦਾ ਅਧਾਰ ਹੋਣਾ, ਇਕ ਅਤਿਅੰਤ ਉਚੀ ਅਧਿਆਤਮਕ ਅਵੱਸਥਾ ਦਾ ਸੂਚਕ ਹੈ। ਆਮ ਮਨੁਖ ਦਾ ਅਧਾਰ ਖ਼ੁਰਾਕ ਤੇ ਆਕਸੀਜਨ ਭਰਪੂਰ ਹਵਾ ਹੁੰਦੀ ਹੈ ਜਿਨ੍ਹਾਂ ਦੇ ਸੁਮੇਲ, ਭਾਵ oxidisation of digested food ਨਾਲ ਮਨੁਖ ਨੂੰ ਜ਼ਿੰਦਾ ਰਹਿਣ ਅਤੇ ਕੰਮ-ਕਾਰ ਜੋਗੀ ਊਰਜਾ ਮਿਲਦੀ ਹੈ। ਇਨ੍ਹਾਂ ਵਸਤਾਂ ਤੋਂ ਬਿਨਾਂ ਮਨੁਖ ਹੌਲੀ-ਹੌਲੀ ਸ਼ਕਤੀ ਹੀਣ ਹੁੰਦਾ ਹੁੰਦਾ ਖ਼ਤਮ ਹੋ ਜਾਂਦਾ ਹੈ। ਪਰਮੇਸ਼ਰ ਦਾ ਨਾਮ, ਇਕ ਬਹੁਤ ਵਡੀ ਸ਼ਕਤੀ ਹੈ, ਅਥਾਹ ਊਰਜਾ ਹੈ ਜਿਸ ਰਾਹੀਂ ਸਾਰੀ ਸ੍ਰਿਸ਼ਟੀ ਦੀ ਉਤਪਤੀ ਹੋਈ ਹੈ। ਪੰਚਮ ਪਾਤਸ਼ਾਹ, ੨੮੪ ਪੰਨੇ ਤੇ, ਫ਼ੁਰਮਾਣ ਕਰਦੇ ਹਨ ਕਿ ਨਾਮ ਦੇ ਅਧਾਰ ਤੇ ਹੀ ਸਾਰੀ ਸ੍ਰਿਸ਼ਟੀ, ਸਾਰੇ ਜੀਅ-ਜੰਤ ਆਦਿ ਹੋਂਦ ਰਖਦੇ ਹਨ - 'ਨਾਮ ਕੇ ਧਾਰੇ ਸਗਲੇ ਜੰਤ।। ਨਾਮ ਕੇ ਧਾਰੇ ਖੰਡ ਬ੍ਰਹਮੰਡ।।... ਨਾਮ ਕੇ ਧਾਰੇ ਆਗਾਸ ਪਾਤਾਲ।। ਨਾਮ ਕੇ ਧਾਰੇ ਸਗਲ ਆਕਾਰ।।' ਵਿਗਿਆਨ ਅਨੁਸਾਰ, ਪਹਿਲਾਂ ਮੰਨਿਆ ਜਾਂਦਾ ਰਿਹਾ ਹੈ ਕਿ ਅਣੂ, atom, ਪਦਾਰਥ ਦੀ ਸਭ ਤੋਂ ਛੋਟੀ ਇਕਾਈ ਹੈ, ਜਿਸ ਨੂੰ ਤੋੜਿਆ ਨਹੀਂ ਜਾ ਸਕਦਾ। ਹੁਣ ਅਣੂ ਦੇ ਵੀ ਹਿਸੇ ਮੰਨ ਕੇ, ਇਸ ਨੂੰ ਉਰਜਾ ਜਾਂ energy ਮੰਨਿਆ ਜਾ ਰਿਹਾ ਹੈ। ਇਹ ਵੀ ਮੰਨਿਆ ਜਾ ਰਿਹਾ ਹੈ ਕਿ energy ਅਤੇ matter ਜਾਂ ਪਦਾਰਥ, ਆਪੋ ਵਿਚ inter-changeable ਹਨ। ਭਾਵ, ਪਦਾਰਥ ਨੂੰ ਊਰਜਾ ਅਤੇ ਊਰਜਾ ਨੂੰ ਪਦਾਰਥ ਵਿਚ ਬਦਲਿਆ ਜਾ ਸਕਦਾ ਹੈ, ਭਾਵੇਂ, ਵਿਗਿਆਨੀ ਅਜੇ ਅਜਿਹਾ ਕਰਣ ਦੇ ਸਮਰੱਥ ਨਹੀਂ ਹੋ ਸਕੇ। ਗੁਰੂ ਪਾਤਸ਼ਾਹ ਨੇ ਨਾਮ ਨੂੰ, ਬਹੁਤ ਵਡੀ energy

ਦਸਿਆ ਹੈ, ਜਿਸ ਦੀ ਸ਼ਕਤੀ ਨਾਲ ਸਾਰੀ ਸ੍ਰਿਸ਼ਟੀ ਦਾ ਨਿਰਮਾਣ ਕੀਤਾ ਗਿਆ ਅਤੇ ਅੱਗੋਂ ਵੀ ਕੀਤਾ ਜਾ ਸਕਦਾ ਹੈ। ਜਿਸ ਕੋਲ ਇਹ energy ਹੋਵੇ, ਉਹ ਸ੍ਰਿਸ਼ਟੀ ਦਾ ਕਰਤਾ ਹੋ ਨਿਬੜਦਾ ਹੈ। ਗੁਰਬਾਣੀ ਵਿਚ, ਸ੍ਰੀ ਗੁਰੂ ਅਰਜਨ ਦੇਵ ਜੀ ਨੇ ਉਸ ਨੂੰ ਬ੍ਰਹਮ ਗਿਆਨੀ, ਸਾਧੂ, ਆਦਿ ਕਿਹਾ ਹੈ - 'ਬ੍ਰਹਮ ਗਿਆਨੀ ਸਭ ਸ੍ਰਿਸਟਿ ਕਾ ਕਰਤਾ।।' ਪੰਨਾ ੨੭੩. ਨਾਮ ਦਾ ਆਹਾਰੀ ਜਾਂ ਆਧਾਰੀ ਹੋ ਜਾਣਾ, ਭਾਵ, ਜੀਵਨ ਨਿਰਵਾਹ ਲਈ, ਨਾਮ ਤੋਂ, ਲੋੜੀਂਦੀ ਊਰਜਾ ਜਾਂ energy ਲੈਣ ਦੀ ਸਮਰਥਾ ਰਖਣਾ, ਬਹੁਤ ਵਡੀ ਅਧਿਆਤਮਕ ਅਵੱਸਥਾ ਹੈ। ਇਸ ਸ਼ਬਦ ਵਿਚ, ਅਜਿਹੇ ਹੀ ਸੰਤ ਜਨਾਂ ਦੀ ਵਡਿਆਈ ਕੀਤੀ ਗਈ ਹੈ।

ਅਗੋਂ, ਮਹਾਰਾਜ ਬਚਨ ਕਰਦੇ ਹਨ ਕਿ ਮਾਲਕ ਪ੍ਰਭੂ ਜਿਸ ਨੂੰ ਆਪਣੀ ਕਿਰਪਾ ਨਾਲ, ਨਾਮ ਨਾਲ ਜੋੜ ਦਿੰਦਾ ਹੈ, ਉਹ ਮਨੁਖ, ਮਾਇਆ ਦੇ ਤਿੰਨਾਂ ਗੁਣਾਂ - ਰਜੋ, ਤਮੋ, ਸਤੋ, ਤੋਂ ਉਪਰ ਉਠ ਕੇ ਚੌਥੇ ਪੱਦ, ਭਾਵ, ਪਰਮ ਗਤੀ ਨੂੰ ਪ੍ਰਾਪਤ ਹੁੰਦਾ ਹੈ -'ਕਰਿ ਕਿਰਪਾ ਜਿਸੁ ਆਪਨੈ ਨਾਮਿ ਲਾਏ।। ਨਾਨਕ ਚਉਥੇ ਪਦ ਮਹਿ ਸੋ ਜਨੁ ਗਤਿ ਪਾਏ।।'

ਅਜਿਹੀ ਅਵੱਸਥਾ ਵਿਚ ਅਪੜੇ, ਪਰਮ ਮਨੁਖਾਂ ਦੀ ਹੀ, ਨਾਮ ਅਧਾਰੀ ਅਵੱਸਥਾ ਹੁੰਦੀ ਹੈ, ਜੋ ਹਵਾ ਤੇ ਖ਼ੁਰਾਕ ਤੋਂ ਬਿਨਾਂ ਹੀ, ਹੋਂਦ ਰਖ ਸਕਦੇ ਹਨ, ਭਾਵੇਂ, ਉਹ ਵੇਖਣ ਨੂੰ ਖ਼ੁਰਾਕ ਖਾ ਰਹੇ ਦਿਸਦੇ ਹੋਣ। ਉਨ੍ਹਾਂ ਦਾ ਭੋਜਨ ਖਾਧਾ ਵੀ, ਵਡੇ ਪਰਉਪਕਾਰ ਲਈ ਹੁੰਦਾ ਹੈ।

ਮਹਿਮਾ ਤਾ ਕੀ ਕੇਤਕ ਗਨੀਐ ਜਨ ਪਾਰਬ੍ਰਹਮ ਰੰਗਿ ਰਾਤੇ ॥

ਸੂਖ ਸਹਜ ਆਨੰਦ ਤਿਨਾ ਸੰਗਿ ਉਨ ਸਮਸਰਿ ਅਵਰ ਨ ਦਾਤੇ ॥੧॥

**ਅਰਥ** : ਅਜਿਹੇ ਜਨ, ਜੋ ਪਾਰਬ੍ਰਹਮ ਦੇ ਨਾਮ ਰੰਗ ਵਿਚ ਰੰਗੇ ਹੋਏ ਹਨ, ਉਨ੍ਹਾਂ ਦੀ ਮਹਿਮਾ ਕਿੰਨੀ ਕੁ ਗਣੀਏ, ਭਾਵ, ਉਨ੍ਹਾਂ ਦੀ ਉਪਮਾ ਬਿਆਨ ਕਰਨ ਤੋਂ ਬਾਹਰ ਹੈ। ਉਨ੍ਹਾਂ ਦੀ ਬਹੁਤੀ ਵਡਿਆਈ ਤਾਂ ਆਮ ਮਨੁਖ ਨੂੰ ਸਮਝ ਹੀ ਨਹੀਂ ਆ ਸਕਦੀ।

ਜਿਵੇਂ ੧੮੧ ਪੰਨੇ ਤੇ, ਸ੍ਰੀ ਗੁਰੂ ਅਰਜਨ ਸਾਹਿਬ ਫ਼ੁਰਮਾਣ ਕਰਦੇ ਹਨ ਕਿ ਸੰਤ ਜਨਾਂ ਦੀ ਮਹਿਮਾ ਦਾ ਬਖਾਨ ਕੋਈ, ਕੀ ਕਰ ਸਕਦਾ ਹੈ ! ਉਹ ਤਾਂ ਮਨੁਖੀ ਸਮਝ ਦੀ ਹਦ ਤੋਂ ਪਰ੍ਹਾਂ ਹੁੰਦੇ ਹਨ, ਬਸ, ਮੇਰੇ ਤੇ ਤਾਂ ਪ੍ਰਭੂ ਇਹੀ ਕਿਰਪਾ ਕਰ

ਦੇਵੇ ਕਿ ਮੈਨੂੰ ਉਨ੍ਹਾਂ ਦੇ ਚਰਨਾਂ ਦੀ ਧੂੜ ਬਖ਼ਸ਼ੀ ਰਖੇ - 'ਸੰਤਨ ਕੀ ਮਹਿਮਾ ਕਵਨ ਵਖਾਨਉ।। ਅਗਾਧਿ ਬੋਧਿ ਕਿਛੁ ਮਿਤਿ ਨਹੀ ਜਾਨਉ।। ਪਾਰਬ੍ਰਹਮ ਮੋਹਿ ਕਿਰਪਾ ਕੀਜੈ।। ਧੂਰਿ ਸੰਤਨ ਕੀ ਨਾਨਕ ਦੀਜੈ।।' ੧੯੩ ਪੰਨੇ ਤੇ ਵੀ ਫ਼ੁਰਮਾਣ ਕਰਦੇ ਹਨ ਕਿ ਭਗਤ ਜਨ ਦੀ ਮਹਿਮਾ ਬਿਆਨ ਨਹੀਂ ਕੀਤੀ ਜਾ ਸਕਦੀ, ਕਿਉਂਕਿ ਪਾਰਬ੍ਰਹਮ ਹਮੇਸ਼ਾਂ, ਸੰਤ ਜਨ ਵਿਚ ਸਮਾਇਆ ਰਹਿੰਦਾ ਹੈ - 'ਜਨ ਕੀ ਮਹਿਮਾ ਕਥੀ ਨ ਜਾਇ।। ਪਾਰਬ੍ਰਹਮੁ ਜਨੁ ਰਹਿਆ ਸਮਾਇ।।'

**ਅਰਥ** : ਉਨ੍ਹਾਂ ਦੀ ਸੰਗਤਿ ਕਰਣ ਨਾਲ ਹੀ ਪਰਮ ਸੁਖ, ਸਹਿਜ ਅਵੱਸਥਾ ਅਤੇ ਅਨੰਦ ਦੀ, ਭਾਵ, ਨਾਮ ਦੀ ਅਵੱਸਥਾ ਦੀ ਪ੍ਰਾਪਤੀ ਹੁੰਦੀ ਹੈ ਕਿਉਂਕਿ ਇਨ੍ਹਾਂ ਅਵੱਸਥਾਵਾਂ ਦੇ ਦਾਤੇ ਸਿਰਫ਼ ਇਹ ਜਨ ਹੀ ਹੁੰਦੇ ਹਨ, ਹੋਰ ਕੋਈ ਉਨ੍ਹਾਂ ਦੇ ਬਰਾਬਰ ਅਜਿਹਾ ਨਹੀਂ ਹੋ ਸਕਦਾ (ਇਹ ਅਵੱਸਥਾ ਨਿਰੇ ਆਪਣੇ ਆਧਾਰ ਤੇ ਪ੍ਰਾਪਤ ਨਹੀਂ ਹੋ ਸਕਦੀ)।੧।

ਸ੍ਰੀ ਗੁਰੂ ਅਰਜਨ ਸਾਹਿਬ ਦੇ ਉਚਾਰਣ ਕੀਤੇ, ੧੩੮੬ ਪੰਨੇ ਤੇ, ਸਵਈਆਂ ਵਿਚ ਸ੍ਰੀ ਗੁਰੂ ਨਾਨਕ ਸਾਹਿਬ ਨੂੰ ਵਾਹਿਗੁਰੂ ਦੇ ਦਰ ਦਾ ਜਨ, ਭਗਤ ਦਸਿਆ ਹੈ ਜੋ ਬ੍ਰਹਮ ਦੇ ਤੁਲ (ਸਮਸਰਿ) ਹੈ, ਕਿ ਉਸ, ਸ੍ਰੀ ਗੁਰੂ ਨਾਨਕ ਸਾਹਿਬ ਦੀ ਉਪਮਾ, ਇਕ ਜੀਭ ਨਾਲ ਕਿਵੇਂ ਬਿਆਨ ਕੀਤੀ ਜਾ ਸਕਦੀ ਹੈ, ਭਾਵ, ਨਹੀਂ ਕੀਤੀ ਜਾ ਸਕਦੀ - 'ਜਨੁ ਨਾਨਕੁ ਭਗਤੁ ਦਰਿ ਤੁਲਿ ਬ੍ਰਹਮ ਸਮਸਰਿ ਏਕ ਜੀਹ ਕਿਆ ਬਖਾਨੈ।।' ਮਹਾਰਾਜ ਨੇ ਬਚਨ ਕੀਤੇ ਹਨ ਕਿ ਸੰਤ ਜਨਾਂ ਤੋਂ ਬਿਨਾਂ ਹੋਰ ਕੋਈ ਦਾਤਾ ਨਹੀਂ ਹੈ, ਜੋ ਜੋ ਵੀ ਸਾਧੂ ਦੀ ਸ਼ਰਣ ਪਿਆ, ਉਸ ਉਸ ਨੂੰ ਉਨ੍ਹਾਂ ਨੇ ਭਵਜਲ ਸੰਸਾਰ ਸਾਗਰ ਤੋਂ ਪਾਰ ਕਰ ਦਿਤਾ - 'ਸੰਤਨ ਬਿਨੁ ਅਵਰੁ ਨ ਦਾਤਾ ਬੀਆ।। ਜੋ ਜੋ ਸਰਣਿ ਪਰੈ ਸਾਧੂ ਕੀ ਸੋ ਪਾਰਗਰਾਮੀ ਕੀਆ।।', ਪੰਨਾ ੬੧੦. ਇਹੀ ਹੈ ਸੰਤ ਦੀ ਮਹਿਮਾ।

ਜਗਤ ਉਧਾਰਣ ਸੇਈ ਆਏ ਜੋ ਜਨ ਦਰਸ ਪਿਆਸਾ ॥

ਉਨ ਕੀ ਸਰਣਿ ਪਰੈ ਸੋ ਤਰਿਆ ਸੰਤਸੰਗਿ ਪੂਰਨ ਆਸਾ ॥੨॥

**ਅਰਥ** : ਜਿਨ੍ਹਾਂ ਜਨਾਂ ਨੂੰ ਸਦਾ ਵਾਹਿਗੁਰੂ ਦੇ ਦਰਸ਼ਨਾਂ ਦੀ ਹੀ ਪਿਆਸ ਲਗੀ ਰਹਿੰਦੀ ਹੈ, ਅਜਿਹੇ ਜਨ ਹੀ ਜਗਤ ਦਾ ਉਧਾਰ ਕਰਨ ਲਈ ਆਉਂਦੇ ਹਨ। ਆਮ ਮਨੁਖ ਕਰਮਾਂ ਦਾ ਬਧਾ ਆਉਂਦਾ ਹੈ ਤੇ ਕਰਮਾਂ ਦਾ ਬਧਾ ਤੁਰ ਜਾਂਦਾ ਹੈ, ਪਰ ਅਜਿਹੇ ਜਨ ਸਪੈਸ਼ਲ ਤੌਰ ਤੇ ਪਾਰਬ੍ਰਹਮ ਦੁਆਰਾ ਭੇਜੇ ਜਾਂਦੇ ਹਨ, ਜਿਵੇਂ ਦਸਮ ਪਾਤਸ਼ਾਹ ਵੀ '**ਬਚਿਤ੍ਰ ਨਾਟਕ**' ਵਿਚ ਦਸਦੇ ਹਨ

ਕਿ ਕਿ ਉਨ੍ਹਾਂ ਨੂੰ ਪਾਰਬ੍ਰਹਮ ਨੇ ਖ਼ਾਸ ਮਨੋਰਥ ਲਈ ਆਪਣਾ ਪੁਤਰ ਥਾਪ ਕੇ ਭੇਜਿਆ - 'ਤਪ ਸਾਧਤ ਹਰਿ ਮੋਹਿ ਬੁਲਾਯੋ।। ਇਮ ਕਹਿ ਕੈ ਇਹ ਲੋਕ ਪਠਾਯੋ।।... ਮੈ ਅਪਨਾ ਸੁਤ ਤੋਹਿ ਨਿਵਾਜਾ।। ਪੰਥ ਪ੍ਰਚੁਰ ਕਰਬੇ ਕਹੁ ਸਾਜਾ।।...' ਇਹੀ ਅਵੱਸਥਾ ਹੈ ਪ੍ਰਭੂ ਨਾਲ ਗੋਸਟਿ ਦੀ (ਭਗਤਿ ਸੰਗਿ ਪ੍ਰਭੁ ਗੋਸਟਿ ਕਰਤ।। ਤਹ ਹਰਖ ਨ ਸੋਗ ਨ ਜਨਮ ਨ ਮਰਤ।।)। ਇਸੇ ਅਵੱਸਥਾ ਦੇ ਜਨ ਨਾਮ ਅਧਾਰੀ ਹੁੰਦੇ ਹਨ ਜੋ ਜਗਤ ਵਿਚ ਕਈਆਂ ਦਾ ਉਧਾਰ ਕਰਨ ਹਿਤ ਆਉਂਦੇ ਹਨ, ਜਿਵੇਂ ਕਿ ੯੪੨ ਤੇ ਸ੍ਰੀ ਗੁਰੂ ਨਾਨਕ ਸਾਹਿਬ ਨੇ ਦਸਿਆ ਹੈ ਕਿ ਗੁਰਮੁਖ ਸ੍ਰੀ ਰਾਮ ਚੰਦਰ ਜੀ ਨੇ 33 ਕਰੋੜ ਦਾ ਉਧਾਰ ਕੀਤਾ - 'ਗੁਰਮੁਖਿ ਸਾਇਰਿ ਪਾਹਣ ਤਾਰੇ।। ਗੁਰਮੁਖਿ ਕੋਟਿ ਤੇਤੀਸ ਉਧਾਰੇ।।' ਕਿਉਂਕਿ ਬ੍ਰਹਮਗਿਆਨੀ ਨੂੰ ਪਰਉਪਕਾਰ ਦਾ ਚਾਅ ਹੁੰਦਾ ਹੈ - 'ਬ੍ਰਹਮਗਿਆਨੀ ਪਰਉਪਕਾਰ ਉਮਾਹਾ।।' (ਸੁਖਮਨੀ ਸਾਹਿਬ)। ਇਸੇ ਬਾਣੀ ਵਿਚ ਫ਼ੁਰਮਾਣ ਕਰ ਰਹੇ ਹਨ ਕਿ ਜਿਸ ਜਨ ਨੂੰ, ਪ੍ਰਭੂ ਦੇ ਦਰਸ਼ਨਾਂ ਦੀ ਪਿਆਸ ਲਗੀ ਰਹਿੰਦੀ ਹੈ, ਮੈਂ ਉਨ੍ਹਾਂ ਤੋਂ ਬਲਿਹਾਰ ਜਾਂਦਾ ਹਾਂ - 'ਜਿਸੁ ਜਨ ਕਉ ਪ੍ਰਭ ਦਰਸ ਪਿਆਸਾ।। ਨਾਨਕ ਤਾ ਕੈ ਬਲਿ ਬਲਿ ਜਾਸਾ।।'

**ਅਰਥ** : ਜੋ ਅਜਿਹੇ ਜਨ ਦੀ ਸਰਨ ਪ੍ਰਾਪਤ ਕਰ ਲੈਂਦਾ ਹੈ ਉਹ ਇਸ ਭਵਜਲ ਸੰਸਾਰ ਸਾਗਰ ਤੋਂ ਤਰ ਜਾਂਦਾ ਹੈ ਅਤੇ ਇਹ ਆਸ ਅਜਿਹੇ ਸੰਤ ਜਨਾਂ ਦੀ ਸੰਗਤ ਨਾਲ ਹੀ ਪੂਰੀ ਹੁੰਦੀ ਹੈ, ਕਿਉਂਕਿ ਨਾਮ ਦੀ ਪ੍ਰਾਪਤੀ ਸੰਤ ਜਨਾਂ ਤੋਂ ਹੀ ਹੁੰਦੀ ਹੈ।੨।

ਸ੍ਰੀ ਗੁਰੂ ਅਰਜਨ ਸਾਹਿਬ ਦਾ, ਪੰਨਾ ੬੧੦ ਤੇ, ਫ਼ੁਰਮਾਣ ਹੈ - 'ਜੋ ਜੋ ਸਰਣਿ ਪਰੈ ਸਾਧੂ ਕੀ ਸੋ ਪਾਰਗਰਾਮੀ ਕੀਆ।।'

ਤਾ ਕੈ ਚਰਣਿ ਪਰਉ ਤਾ ਜੀਵਾ ਜਨ ਕੈ ਸੰਗਿ ਨਿਹਾਲਾ ॥

ਭਗਤਨ ਕੀ ਰੇਣੁ ਹੋਇ ਮਨੁ ਮੇਰਾ ਹੋਹੁ ਪ੍ਰਭੂ ਕਿਰਪਾਲਾ ॥੩॥

**ਅਰਥ** : ਅਜਿਹੇ ਜਨਾਂ ਦੇ ਚਰਨਾਂ ਦੀ, ਜੇ ਛੋਹ ਪ੍ਰਾਪਤ ਹੋ ਜਾਵੇ ਤਾਂ ਹੀ ਮੇਰਾ, ਸਦ ਜੀਵਨ ਹੋ ਸਕਦਾ ਹੈ, ਕਿਉਂਕਿ ਨਾਮ ਦੀ ਪ੍ਰਾਪਤੀ, ਇਨ੍ਹਾਂ ਜਨਾਂ ਤੋਂ ਹੀ ਸੰਭਵ ਹੈ, ਅਤੇ ਨਾਮ ਤੋਂ ਬਿਨਾਂ ਸਦ ਜੀਵਨ ਸੰਭਵ ਨਹੀਂ, ਇਸੇ ਕਰਕੇ ਅਜਿਹੇ ਜਨ ਦੇ ਸੰਗ ਹੀ ਮਨੁਖ ਨਿਹਾਲ, ਭਾਵ, ਉਸਦਾ ਆਇਆ ਸਫ਼ਲਾ ਹੋ ਸਕਦਾ ਹੈ।

**ਅਰਥ** : ਹੇ ਪ੍ਰਭੂ ਜੀ ! ਮੇਰੇ ਤੇ ਕ੍ਰਿਪਾਲੂ ਹੋਵੋ ਕਿ ਇਹ ਮੇਰਾ ਮਨ ਅਜਿਹੇ ਭਗਤਾਂ ਦੇ ਚਰਣਾਂ ਦੀ ਧੂੜ ਬਣ ਜਾਵੇ।੩।

ਅਜਿਹੇ ਭਗਤਾਂ ਦੀ ਖ਼ਾਕ ਭਾਗਾਂ ਨਾਲ ਮਿਲਦੀ ਹੈ, ਜਿਸ ਨਾਲ ਸੁਆਮੀ ਪ੍ਰਭੂ ਮਿਲ ਪੈਂਦਾ ਹੈ। ੩੯੧ ਪੰਨੇ ਤੇ, ਅਜਿਹੇ ਪ੍ਰਭੂ ਦੇ, ਦਾਸ ਦੇ ਦਾਸ ਦਾ ਵੀ ਪਾਣੀ ਢੋਣ ਵਾਲਾ ਬਣਨ ਦੀ ਅਤੇ ਉਸਦੇ ਚਰਨਾਂ ਦੇ ਧੂੜ ਦੀ, ਹਿਰਦੇ ਨਾਲ ਵਸਾਉਣ ਦੀ ਕਾਮਨਾ ਕੀਤੀ ਗਈ ਹੈ - 'ਦਾਸਨਿ ਦਾਸੀ ਕੀ ਪਨਿਹਾਰਿ।। ਉਨ੍ ਕੀ ਰੇਣੁ ਬਸੈ ਜੀਅ ਨਾਲਿ।। ਮਾਥੈ ਭਾਗੁ ਤ ਪਾਵਉ ਸੰਗੁ।। ਮਿਲੈ ਸੁਆਮੀ ਅਪੁਨੈ ਰੰਗਿ।।' ਸ੍ਰੀ ਗੁਰੂ ਰਾਮਦਾਸ ਸਾਹਿਬ ਵੀ, ੪੪੫ ਪੰਨੇ ਤੇ, ਅਜਿਹੇ ਸਾਧੂ ਦੇ ਚਰਨਾਂ ਦੀ ਧੂੜ ਦੀ ਕਾਮਨਾ ਕਰਦੇ ਹਨ ਜਿਸ ਸਦਕਾ ਮਨੁਖ ਸੋਗ ਅਤੇ ਵਿਜੋਗ ਤੋਂ ਖ਼ਲਾਸੀ ਪ੍ਰਾਪਤ ਕਰ ਲਵੇ - 'ਜਨੁ ਨਾਨਕੁ ਰੇਣੁ ਮੰਗੈ ਪਗ ਸਾਧੂ ਮਨਿ ਚੂਕਾ ਸੋਗੁ ਵਿਜੋਗੁ ਜੀਉ।।'

ਰਾਜੁ ਜੋਬਨੁ ਅਵਧ ਜੋ ਦੀਸੈ ਸਭੁ ਕਿਛੁ ਜੁਗ ਮਹਿ ਘਾਟਿਆ ॥

ਨਾਮੁ ਨਿਧਾਨੁ ਸਦ ਨਵਤਨੁ ਨਿਰਮਲੁ ਇਹੁ ਨਾਨਕ ਹਰਿ ਧਨੁ ਖਾਟਿਆ ॥੪॥੧੦॥੧੩੧॥

**ਅਰਥ** : ਮਨੁਖ ਆਮ ਕਰਕੇ ਤਿੰਨ ਵੱਡੀਆ ਪ੍ਰਾਪਤੀਆਂ ਮੰਨਦਾ ਹੈ - ਰਾਜ, ਸਦ-ਜੁਆਨੀ ਤੇ ਲੰਮੀ ਉਮਰ। ਗੁਰੂ ਸਾਹਿਬ ਫ਼ੁਰਮਾਣ ਕਰਦੇ ਹਨ ਕਿ ਇਹ ਤਿੰਨੇ ਪ੍ਰਾਪਤੀਆਂ ਹਰ ਜੁਗ ਵਿਚ ਘਾਟੇ ਵਾਲਾ ਸੌਦਾ ਰਹੀਆਂ ਹਨ, ਕਿਉਂਕਿ ਤਿੰਨੇ ਹੀ ਅਸਥਾਈ ਹਨ, ਇਸ ਕਰਕੇ ਇਨ੍ਹਾਂ ਦੀ ਪ੍ਰਾਪਤੀ ਦੀ ਕਾਮਨਾ ਨਹੀਂ ਕਰਨੀ ਚਾਹੀਦੀ।

ਪਾਤਸ਼ਾਹ ਦਾ, ਪੰਨਾ ੨੬੮ ਤੇ ਫ਼ੁਰਮਾਣ ਹੈ ਕਿ ਰਾਜ, ਜੁਆਨੀ ਅਤੇ ਪੈਸਾ, ਜਾਇਦਾਦ, ਇਹ ਸਭ ਮਿਥਿਆ, ਭਾਵ, ਛਿੰਨ-ਭੰਗਰ ਹਨ - 'ਮਿਥਿਆ ਰਾਜ ਜੋਬਨ ਧਨ ਮਾਲ।।' ਨਾਮ ਤੋਂ ਬਿਨਾਂ, ਇਨ੍ਹਾਂ ਨੂੰ ਅਤੇ ਰਾਜ ਨੂੰ, ਬਾਦੀ, ਭਾਵ, ਵਿਅਰਥ ਬੀਮਾਰੀ ਦਸਿਆ ਹੈ - 'ਰਾਜ ਮਿਲਖ ਧਨ ਜੋਬਨਾ ਨਾਮੈ ਬਿਨੁ ਬਾਦਿ।।', ਪੰਨਾ ੮੧੦.

**ਅਰਥ** : ਕੋਸ਼ਿਸ਼ ਕਰਨੀ ਚਾਹੀਦੀ ਹੈ ਤਾਂ ਕੇਵਲ ਨਾਮ ਦੀ ਪ੍ਰਾਪਤੀ ਦੀ, ਜੋ ਸਿਰਫ਼ ਭਗਤਾਂ ਤੋਂ ਹੀ ਪ੍ਰਾਪਤ ਹੋਣਾ ਮੁਮਕਿਨ ਹੈ ਅਤੇ ਕਿਉਂਕਿ ਇਕ ਨਾਮ ਦਾ ਖ਼ਜ਼ਾਨਾ ਹੀ ਸਦਾ ਨਵਾਂ ਰਹਿੰਦਾ ਹੈ, ਕਦੇ ਪੁਰਾਣਾ ਨਹੀਂ ਹੁੰਦਾ।੪।੧੦।੧੩੧।

ਜਿਵੇਂ ਕਿ ਪੰਚਮ ਪਾਤਸ਼ਾਹ ਦਾ ੧੩੨੨ ਪੰਨੇ ਤੇ ਫ਼ੁਰਮਾਣ ਹੈ ਕਿ ਮੇਰੇ ਸੋਹਣੇ

ਪ੍ਰਭੂ ਦਾ ਨਾਮ, ਉਸ ਦੀ ਸੋਭਾ ਸਦਾ ਨਵੀਂ ਹੁੰਦੀ ਹੈ, ਭਾਵ, ਨਾਮ ਸਦਾ ਹੀ ਨਵਾਂ ਰਹਿੰਦਾ ਹੈ, ਕਦੇ ਪੁਰਾਣਾ ਨਹੀਂ ਹੁੰਦਾ - 'ਮੇਰੇ ਲਾਲਨ ਕੀ ਸੋਭਾ।। ਸਦ ਨਵਤਨ ਮਨ ਰੰਗੀ ਸੋਭਾ।।' ਅਗੋਂ ਗੁਰੂ ਸਾਹਿਬ ਫ਼ੁਰਮਾਣ ਕਰਦੇ ਹਨ ਕਿ ਇਸੇ ਕਾਰਣ ਕਰ ਕੇ, ਮੈਂ ਉਨ੍ਹਾਂ ਸੰਤਾਂ ਤੋਂ ਬਲਿਹਾਰ ਜਾਂਦਾ ਹਾਂ ਜੋ ਸਦਾ ਨਵੇਂ, ਭਾਵ, ਸਦਾ ਵਾਹਿਗੁਰੂ ਦੇ ਸੰਗ ਰਹਿੰਦੇ ਹਨ - 'ਕਹੁ ਨਾਨਕ ਸੰਤਨ ਬਲਿਹਾਰੈ ਜੋ ਪ੍ਰਭ ਕੇ ਸਦ ਸੰਗੀ।।' ਅਜਿਹੇ ਜਨ, ਮਾਇਆ ਦੇ ਤਿੰਨਾਂ ਗੁਣਾਂ ਤੋਂ ਰਹਿਤ ਹੁੰਦੇ ਹਨ, ਇਸ ਲਈ ਇਹੀ ਹਰਿ ਦਾ ਨਾਮ ਰੂਪੀ ਖ਼ਜ਼ਾਨਾ ਹੀ ਨਾਨਕ ਨੇ ਖਟਿਆ ਹੈ।

ਸੰਤ ਜਨਾਂ ਦੀ ਹੋਰ ਮਹਿਮਾ ਪੜ੍ਹਣ ਲਈ, ਦਾਸ ਦੀ ਕਿਤਾਬ '**ਸੰਤਨ ਕੀ ਮਹਿਮਾ**' ਪੜ੍ਹੋ ਜੀ, ਜੋ ਇਸੇ ਵੈਬ ਸਾਈਟ ਤੇ, ਪੁਸਤਕਾਂ, Books ਦੇ ਖੰਡ ਵਿਚ ਮੌਜੂਦ ਹੈ।

31.7.2020